# BUDHA DAL PUBLIC SCHOOL PATIALA

## Final Examination (10 March 2026)

**Class - VIII**

**Paper - Punjabi**

**Set - A**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

**ਪੜ੍ਹਨ-ਕੌਸ਼ਲ**

1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (5)

ਰੈੱਡ-ਕ੍ਰਾਸ ਸੰਸਥਾ ਇੱਕ ਨਿਰਪੱਖ ਅਤੇ ਮਾਨਵ-ਜਾਤੀ ਦੀ ਸੇਵਾ ਕਰਨ ਵਾਲ਼ੀ ਸੰਸਥਾ ਹੈ। ਜੇਕਰ ਦੋ ਦੇਸਾਂ ਵਿਚਕਾਰ ਯੁੱਧ ਛਿੜ ਜਾਵੇ ਤਾਂ ਰੈੱਡ-ਕ੍ਰਾਸ ਦੋਹਾਂ ਵਿੱਚ ਸਮਝੌਤਾ ਕਰਵਾਉਣ ਦਾ ਜਤਨ ਕਰਦੀ ਹੈ। ਦੋਹਾਂ ਦੇਸਾਂ ਦੇ ਜ਼ਖ਼ਮੀ ਸੈਨਿਕਾਂ ਦਾ ਇਲਾਜ ਅਤੇ ਸਾਂਭ-ਸੰਭਾਲ, ਉਹਨਾਂ ਦੀ ਅਦਲਾ-ਬਦਲੀ ਕਰਨਾ, ਕੈਦੀ ਸੈਨਿਕਾਂ ਦਾ ਪੂਰਾ ਰਿਕਾਰਡ ਰੱਖਣਾ, ਜੰਗੀ ਕੈਦੀਆਂ ਦੇ ਸੁੱਖ-ਸੁਨੇਹੇ ਉਹਨਾਂ ਦੇ ਸੰਬੰਧੀਆਂ ਤੱਕ ਪਹੁੰਚਾਉਣੇ ਆਦਿ ਅਤੇ ਹੋਰ ਬਹੁਤ ਸਾਰੇ ਮਹੱਤਵਪੂਰਨ ਕੰਮ ਰੈੱਡ-ਕ੍ਰਾਸ ਸੰਸਥਾ ਦੀ ਨਿਗਰਾਨੀ ਹੇਠ ਕੀਤੇ ਜਾਂਦੇ ਹਨ। ਭਾਵੇਂ ਰੈੱਡ-ਕ੍ਰਾਸ ਦਾ ਅਰੰਭ ਯੁੱਧ ਦੇ ਸ਼ਿਕਾਰ ਸੈਨਿਕਾਂ ਦੀ ਸਹਾਇਤਾ ਲਈ ਹੋਇਆ ਸੀ ਪਰ ਹੌਲ਼ੀ-ਹੌਲ਼ੀ ਇਹ ਸੰਸਥਾ ਸ਼ਾਂਤੀ ਦੇ ਸਮੇਂ ਦੌਰਾਨ ਵੀ ਸਿਹਤ-ਸੇਵਾਵਾਂ ਦਾ ਕੰਮ ਕਰਨ ਲੱਗ ਪਈ। ਰੈੱਡ-ਕ੍ਰਾਸ ਏਨੀ ਹਰਮਨ-ਪਿਆਰੀ ਹੋ ਗਈ ਹੈ ਕਿ ਹਰ ਦੇਸ ਵਿੱਚ ਲੋਕ ਇਸ ਨੂੰ ਚਾਲੂ ਰੱਖਣ ਲਈ ਖੁੱਲ੍ਹ ਕੇ ਦਾਨ ਦਿੰਦੇ ਹਨ। ਇਸ ਨੂੰ ਹਰ ਦੇਸ ਵਿੱਚ ਸਰਕਾਰੀ ਪੱਧਰ 'ਤੇ ਮਾਨਤਾ ਮਿਲ਼ੀ ਹੈ।

ੳ) ਰੈੱਡ-ਕ੍ਰਾਸ ਕਿਸ ਦੀ ਸੇਵਾ ਕਰਨ ਵਾਲੀ ਸੰਸਥਾ ਹੈ?


ਅ) ਦੋ ਦੇਸਾਂ ਵਿਚਕਾਰ ਯੁੱਧ ਛਿੜਨ ਤੇ ਰੈੱਡ ਕ੍ਰਾਸ ਕੀ ਕਰਵਾਉਣ ਦਾ ਜਤਨ ਕਰਦੀ ਹੈ?

ੲ) ਰੈੱਡ-ਕ੍ਰਾਸ ਦਾ ਆਰੰਭ ਕਿੰਨ੍ਹਾਂ ਸੈਨਿਕਾਂ ਦੀ ਸਹਾਇਤਾ ਲਈ ਹੋਇਆ ਸੀ?

ਸ) ਸ਼ਾਂਤੀ ਦੇ ਸਮੇਂ ਰੈੱਡ ਕ੍ਰਾਸ ਕਿਹੜਾ ਕੰਮ ਕਰਨ ਲੱਗੀ?

ਹ) ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।

2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਨਣ ਕਰੋ। (4)



A-1

Scanned with OKEN Scanner

## ਵਿਆਕਰਨ

(½×4=2)

1) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲ ਕੇ ਲਿਖੋ:

ਪਹਾੜੀਆ, ਗੱਭਰੂ, ਸੁਨਿਆਰ, ਨਿਰਦੇਸ਼ਕ

(½×4=2)

2) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲ ਕੇ ਲਿਖੋ:

ਕਥਾ, ਤੂੰ, ਘੁੱਗੀ, ਦਰਵਾਜ਼ਾ

(½×4=2)

3) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:

ਪ੍ਰਾਚੀਨ, ਡਰਾਕਲ, ਸੱਜਰਾ, ਉਜਾੜਨਾ

(1×2=2)

4) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:

ਲਾ, ਗੈਰ

(1×2=2)

5) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:

ਆਕਲ, ਹੀਣ

(1×2=2)

6) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ:

ਸੁਜੱਜਾ, ਦੁਰਾਸੀਸ

(1×2=2)

7) ਹੇਠ ਲਿਖੇ ਅਖਾਣਾਂ ਦੇ ਅਰਥ ਲਿਖੋ:

ੳ) ਸੱਪ ਵੀ ਮਰੇ ਤੇ ਲਾਠੀ ਵੀ ਨਾ ਟੁੱਟੇ

ਅ) ਤੰਦ ਨਹੀਂ ਤਾਣੀ ਹੀ ਵਿਗੜੀ ਹੈ

(½×4=2)

8) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:

ਔਹਦਾ, ਯਾਤ੍ਰਾ, ਕੇਹੜਾ, ਨੈਹਰੀ

(2×2=4)

9) ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਦੇ ਅਰਥ ਲਿਖ ਕੇ ਦੋ-ਦੋ ਵਾਕ ਬਣਾਉ:

ਲੜ, ਖ਼ਾਤਰ

10) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:

ਛਿੱਕੇ ਉੱਤੇ ਟੰਗਣਾ, ਜੀਭ ਸੰਭਾਲ ਕੇ ਰੱਖਣਾ, ਢਿੱਡੀ ਪੀੜਾਂ ਪੈਣੀਆਂ, ਪੈਰ ਜ਼ਮੀਨ ਤੇ ਨਾ ਲੱਗਣੇ (1×4=4)

(1)

11) ਹੇਠ ਲਿਖੇ ਸ਼ਬਦਾਂ ਦੇ ਸਮਾਸੀ ਸ਼ਬਦ ਲਿਖੋ:

ਸਮਾਜ ਦਾ ਸ਼ਾਸਤਰ, ਤਾਹਨੇ ਅਤੇ ਮਿਹਣੇ

(1)

12) ਹੇਠ ਲਿਖੇ ਵਾਕ ਵਿੱਚੋਂ ਵਿਸਮਿਕ ਸ਼ਬਦ ਚੁਣੋ ਤੇ ਉਸਦੀ ਕਿਸਮ ਵੀ ਲਿਖੋ:

ਅਫਸੋਸ ! ਸਮਾਂ ਹੱਥੋਂ ਨਿਕਲ ਗਿਆ।

(1)

13) ਹੇਠ ਲਿਖੇ ਵਾਕ ਵਿੱਚੋਂ ਕਾਰਕ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:

ਪੰਛੀ ਪਿੰਜਰੇ 'ਚੋਂ ਉੱਡ ਗਿਆ।

(1)

14) ਹੇਠ ਲਿਖੇ ਵਾਕ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਤੋਂ ਲਿਖੋ:

ਦੋਸਤ ਨੇ ਪੁੱਛਿਆ ਕੀ ਤੂੰ ਮੇਰੇ ਨਾਲ ਚੱਲੇਂਗਾ



Scanned with OKEN Scanner

## ਪਾਠ ਪੁਸਤਕ ਤੇ ਅਧਾਰਿਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਛੇ):** **(6×1=6)**

ੳ) ਬਚਪਨ ਵਿੱਚ ਮੌਜ ਮਸਤੀ ਕੌਣ ਕਰਦੇ ਹਨ?

ਅ) ਜਗਤੂ ਘੋਨੇ ਦੀ ਬਿਮਾਰੀ ਦਿਖਾਉਣ ਉਸ ਨੂੰ ਕਿਸ ਕੋਲ ਲੈ ਕੇ ਗਿਆ ਸੀ?

ੲ) ਬਾਲਕ ਫੂਲਾ ਸਿੰਘ ਨੂੰ ਕਿਸ ਦਾ ਅਥਾਹ ਸ਼ੌਕ ਸੀ?

ਸ) ਕੁੜੀ ਨੂੰ ਨੀਂਦ ਕਿਉਂ ਨਹੀਂ ਸੀ ਆਈ?

ਹ) ਪੋਤੇ ਨੇ ਦਾਦਾ ਜੀ ਲਈ ਪੀਣ ਲਈ ਕੀ ਲਿਆਂਦਾ ਸੀ?

ਕ) ਟੈਲੀਫੋਨ ਬੂਥ ਕੀ ਹੁੰਦਾ ਹੈ?

ਖ) ਰੁਲਦਾ ਡਾਕਟਰਨੀ ਦੁਆਰਾ ਦਿੱਤਾ ਕੰਬਲ ਕਿਸ ਨੂੰ ਦੇ ਜਾਂਦਾ ਹੈ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 5 – 6 ਸਤਰਾਂ ਵਿੱਚ ਦਿਉ: (ਕੋਈ ਛੇ)** **(6×2=12)**

ੳ) ਬਚਪਨ ਵਿੱਚ ਬੱਚੇ ਮਾਪਿਆਂ ਤੋਂ ਕੀ ਮੰਗਵਾਉਂਦੇ ਹਨ?

ਅ) ਘੋਨੇ ਦੀ ਬਿਮਾਰੀ ਦਿਨ ਪ੍ਰਤੀ ਦਿਨ ਕਿਉਂ ਵੱਧ ਰਹੀ ਸੀ?

ੲ) ਹਰ ਸਾਲ ਅਕਾਲੀ ਫੂਲਾ ਸਿੰਘ ਜੀ ਦਾ ਸ਼ਹੀਦੀ ਦਿਵਸ ਕਿਵੇਂ ਮਨਾਇਆ ਜਾਂਦਾ ਹੈ?

ਸ) 'ਦਲੇਰ ਕੁੜੀ' ਕਵਿਤਾ ਵਿੱਚੋਂ ਕੁੜੀ ਦੇ ਪਾਤਰ ਬਾਰੇ ਕੁਝ ਵਾਕ ਲਿਖੋ।

ਹ) ਅਜਾਇਬ ਘਰ ਦੀ ਇਮਾਰਤ ਬਣਾਉਣ ਲਈ ਕਾਰੀਗਰਾਂ ਨੂੰ ਕਿੱਥੋਂ ਲਿਆਂਦਾ ਗਿਆ?

ਕ) ਰੁਲਦਾ ਡਾਕਟਰਨੀ ਦੇ ਮੁੰਡੇ ਦੇ ਸਿਰਹਾਣੇ ਥੱਲੇ ਕੀ ਰੱਖ ਕੇ ਆਇਆ ਤੇ ਕਿਉਂ?

ਖ) ਲੁਟੇਰੇ ਨੇ ਆਪਣਾ ਇਰਾਦਾ ਕਿਵੇਂ ਬਦਲਿਆ?

**3) ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਉ:** **(4×1=4)**

ਸ਼ਹੀਦੀ, ਸੱਭਿਆਚਾਰ, ਹੁਨਰ, ਇਲਮ

**4) ਹੇਠ ਲਿਖੇ ਕਾਵਿ ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ:** **(3×1=3)**

"ਖੇਡ-ਖੇਡ ਕੇ ਜਦ ਥੱਕ ਜਾਣਾ,
ਖਾਣਾ-ਪੀਣਾ ਤੇ ਸੌਂ ਜਾਣਾ,
ਚਿੰਤਾ-ਫ਼ਿਕਰ ਨੇ ਕਦੇ ਨਾ ਆਉਣਾ, ਸਾਡੇ ਨੇੜੇ-ਤੇੜੇ,
ਬਚਪਨ ਦੇ ਦਿਨ ਫੇਰ ਨਾ ਆਉਂਦੇ ਬੀਤ ਗਏ ਨੇ ਜਿਹੜੇ।

ੳ) ਉਪਰੋਕਤ ਕਾਵਿ-ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ਤੇ ਇਸ ਦੇ ਕਵੀ ਦਾ ਨਾਮ ਲਿਖੋ।

ਅ) 'ਜਦੋਂ ਬੱਚੇ ਖੇਡ-ਖੇਡ ਕੇ ਥੱਕ ਜਾਂਦੇ ਹਨ ਤਾਂ ਕੀ ਕਰਦੇ ਹਨ?

ੲ) 'ਫ਼ਿਕਰ' ਸ਼ਬਦ ਦਾ ਕੀ ਅਰਥ ਹੈ?

Scanned with OKEN Scanner

**5) ਹੇਠ ਲਿਖੇ ਵਾਰਤਾਲਾਪ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:** **(3×1=3)**

"ਬੱਸ, ਬੱਸ ਮੈਂ ਕੋਈ ਤੁਹਾਡੇ ਤੇ ਅਹਿਸਾਨ ਨਹੀਂ ਕੀਤਾ, ਆਪਣਾ ਫ਼ਰਜ਼ ਪੂਰਾ ਕੀਤਾ ਹੈ, ਪਰਉਪਕਾਰ ਕਰਨਾ ਤਾਂ ਬੰਦੇ ਦਾ ਸਭ ਤੋਂ ਵੱਡਾ ਧਰਮ ਹੈ। ਤੂੰ ਤਾਂ ਬੀਬੀ ਡਾਕਟਰਨੀ ਏਂ, ਥੋੜੇ ਦਿਨ 'ਚ ਕਿੰਨਿਆਂ ਦਾ ਭਲਾ ਕਰਦੀ ਹੋਵੇਗੀ।"

ੳ) ਉਪਰੋਕਤ ਵਾਰਤਾਲਾਪ ਦੀਆਂ ਸਤਰਾਂ ਕਿਸ ਪਾਠ ਵਿੱਚੋਂ ਲਈਆਂ ਗਈਆਂ ਹਨ ਤੇ ਇਸ ਦੇ ਲੇਖਕ ਦਾ ਨਾਂ ਕੀ ਹੈ?

ਅ) ਉਪਰੋਕਤ ਸ਼ਬਦ ਕਿਸ ਨੇ ਕਿਸ ਨੂੰ ਕਹੇ?

ੲ) ਬੰਦੇ ਦਾ ਸਭ ਤੋਂ ਵੱਡਾ ਧਰਮ ਕੀ ਹੈ?

## ਲਿਖਣ-ਕੌਸ਼ਲ

**1) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** **(8)**

**ਬੇਰੁਜ਼ਗਾਰੀ ਦੀ ਸਮੱਸਿਆ**

ਨੁਕਤੇ -

ਜਾਣ-ਪਛਾਣ, ਬੇਰੁਜ਼ਗਾਰੀ ਦਾ ਅਰਥ, ਭਾਰਤ ਵਿੱਚ ਬੇਰੁਜ਼ਗਾਰੀ, ਬੇਰੁਜ਼ਗਾਰੀ ਦੇ ਪ੍ਰਮੁੱਖ ਕਾਰਨ, ਵਿਦੇਸ਼ਾਂ ਵਿੱਚ ਜਾਣਾ, ਸਮੱਸਿਆ ਦੇ ਹੱਲ ਤੇ ਸੁਝਾਅ, ਸਾਰੰਸ਼।

**ਜਾਂ**

**ਮੇਰੇ ਜੀਵਨ ਦਾ ਉਦੇਸ਼**

ਨੁਕਤੇ -

ਜਾਣ-ਪਛਾਣ, ਉਦੇਸ਼ ਦੀ ਚੋਣ, ਅਧਿਆਪਨ ਇੱਕ ਪਵਿੱਤਰ ਕਿੱਤਾ, ਅਧਿਆਪਕ ਕੌਮ ਦਾ ਨਿਰਮਾਤਾ, ਪੁਸਤਕਾਂ ਨਾਲ ਪ੍ਰੇਮ, ਇੱਕ ਆਦਰਸ਼ ਅਧਿਆਪਕ, ਹੋਰ ਉਸਾਰੂ ਕੰਮ, ਸਾਰੰਸ਼।

**2) ਕੋਈ ਇੱਕ ਪੱਤਰ ਲਿਖੋ।** **(7)**

ਤੁਹਾਡੇ ਸ਼ਹਿਰ ਵਿੱਚ ਅੱਧੀ ਰਾਤ ਤੱਕ ਲਾਊਡ-ਸਪੀਕਰ ਵੱਜਦੇ ਰਹਿੰਦੇ ਹਨ। ਆਪਣੇ ਜ਼ਿਲ੍ਹਾ ਕਮਿਸ਼ਨਰ ਸਾਹਿਬ ਨੂੰ ਲਾਊਡ ਸਪੀਕਰ ਬੰਦ ਕਰਵਾਉਣ ਸੰਬੰਧੀ ਪੱਤਰ ਲਿਖੋ।

**ਜਾਂ**

ਤੁਹਾਡਾ ਛੋਟਾ ਭਰਾ ਟੀ.ਵੀ. ਬਹੁਤ ਵੇਖਦਾ ਹੈ। ਉਸ ਨੂੰ ਇਸ ਦੇ ਨੁਕਸਾਨ ਬਾਰੇ ਦੱਸਦੇ ਹੋਏ ਪੱਤਰ ਰਾਹੀ ਸਮਝਾਉ।

A-4

Scanned with OKEN Scanner